2

# ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ

PJB 002

ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



## ਸਾਰੀਆਂ ਔਰਤਾਂ ਲਈ ਇੱਕੋ ਪਰਿਵਾਰਕ ਕਾਨੂੰਨ।

ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ

*ਇਸ ਪਰਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਾਮਲਿਆਂ ਬਾਰੇ ਬੁਨਿਆਦੀ ਗੱਲਾਂ ਸਮਝਾਉਣਾ ਹੈ। ਇਹ ਕਾਨੂੰਨੀ ਸਲਾਹ ਅਤੇ ਮਦਦ ਦਾ ਬਦਲ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਵਿੱਚ ਉਲਝੇ ਹੋਏ ਹੋ ਤਾਂ ਆਪਣੇ ਹੱਕਾਂ ਦੀ ਹਿਫਾਜ਼ਤ ਲਈ ਜਿੰਨੀ ਛੇਤੀ ਹੋ ਸਕੇ, ਕਾਨੂੰਨੀ ਸਲਾਹ ਲਓ। ਪਰਿਵਾਰਕ ਕਾਨੂੰਨ ਦਾ ਕੋਈ ਵਕੀਲ ਲੱਭਣ ਅਤੇ ਉਸ ਦੀ ਫੀਸ ਦੇਣ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ www.onefamilylaw.ca 'ਤੇ ਸਾਡਾ ਪਰਚਾ "ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ" ਵੇਖੋ।*

ਓਂਟਾਰੀਓ ਕੋਲ ਬੱਚਿਆਂ ਨੂੰ ਦੁਰਵਿਹਾਰ ਤੋਂ ਬਚਾਉਣ ਲਈ ਇੱਕ ਕਾਨੂੰਨ *ਚਾਈਲਡ ਐਂਡ ਫੈਮਿਲੀ ਸਰਵਿਸਿਜ਼ ਐਕਟ* (CFSA) ਹੈ। ਇਹ ਕਾਨੂੰਨ ਪਰਿਭਾਸ਼ਿਤ ਕਰਦਾ ਹੈ ਕਿ ਬੱਚਿਆਂ ਦੇ ਹਿੱਤ ਵਿੱਚ ਸਭ ਤੋਂ ਚੰਗਾ ਕੀ ਹੈ, ਅਤੇ ਬੱਚਿਆਂ ਨੂੰ ਕਿਵੇਂ ਬਚਾਉਣਾ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹਨਾਂ ਦੀ ਦੇਖਭਾਲ ਚੰਗੀ ਹੋਵੇ।

ਸਰਕਾਰ ਬਾਲ ਭਲਾਈ ਏਜੰਸੀਆਂ, ਜਿਨ੍ਹਾਂ ਨੂੰ ਆਮ ਤੌਰ 'ਤੇ **ਚਿਲਡਰਨਜ਼ ਏਡ ਸੁਸਾਇਟੀਜ਼** (CAS) ਕਿਹਾ ਜਾਂਦਾ ਹੈ, ਨੂੰ ਫੰਡ ਦਿੰਦੀ ਹੈ। ਉਹਨਾਂ ਦਾ ਕੰਮ ਹੁੰਦਾ ਹੈ ਬੱਚਿਆਂ ਨੂੰ ਨੁਕਸਾਨ ਤੋਂ ਬਚਾਉਣਾ, ਜਿਸ ਵਿੱਚ ਨਜ਼ਰੰਦਾਜ਼ ਕੀਤੇ ਜਾਣਾ ਵੀ ਸ਼ਾਮਲ ਹੈ। CAS ਬੱਚਿਆਂ ਨੂੰ ਗੋਦ ਲਏ ਜਾਣ ਲਈ ਪੇਸ਼ ਕਰਨ ਦਾ ਕੰਮ ਵੀ ਕਰਦੀਆਂ ਹਨ ਅਤੇ ਪਰਿਵਾਰਾਂ ਨੂੰ ਸਹਾਇਤਾ ਵੀ ਦਿੰਦੀਆਂ ਹਨ। ਉਹਨਾਂ ਦਾ ਕੰਮ ਹੁੰਦਾ ਹੈ ਪਰਿਵਾਰਾਂ ਨੂੰ ਇੱਕਠੇ ਰਹਿਣ ਵਿੱਚ ਮਦਦ ਦੇਣ ਲਈ ਕੰਮ ਕਰਨਾ ਅਤੇ ਸਭ ਤੋਂ ਖ਼ਰਾਬ ਮਾਮਲਿਆਂ ਵਿੱਚ ਬੱਚਿਆਂ ਨੂੰ ਅਜਿਹੇ ਘਰਾਂ ਤੋਂ ਕੱਢ ਲੈਣਾ।

ਇੱਕ ਮਾਪੇ ਦੇ ਤੌਰ 'ਤੇ ਤੁਹਾਨੂੰ ਆਪਣੇ ਬੱਚਿਆਂ ਨੂੰ ਨੁਕਸਾਨ ਤੋਂ ਲਾਜ਼ਮੀ ਬਚਾਉਣਾ ਪੈਂਦਾ ਹੈ ਅਤੇ ਉਹਨਾਂ ਦੀਆਂ ਮੁੱਢਲੀਆਂ ਲੋੜਾਂ, ਜਿਵੇਂ ਭੋਜਨ ਅਤੇ ਰਿਹਾਇਸ਼, ਦੀ ਪੂਰਤੀ ਕਰਨੀ ਪੈਂਦੀ ਹੈ। ਜੇ CAS ਕੋਲ ਇਹ ਮੰਨਣ ਦਾ ਕੋਈ ਕਾਰਨ ਹੋਵੇ ਕਿ ਤੁਸੀਂ ਅਜਿਹਾ ਨਹੀਂ ਕਰ ਰਹੇ ਹੋ ਤਾਂ ਇਹ ਤੁਹਾਡੇ ਪਰਿਵਾਰ ਦੀ ਤਫਤੀਸ਼ ਕਰ ਸਕਦੀ ਹੈ। ਤਫਤੀਸ਼ ਤੋਂ ਬਾਅਦ ਜੇ CAS ਇਹ ਮੰਨਦੀ ਹੈ ਕਿ ਤੁਹਾਡੇ ਬੱਚੇ ਨੂੰ **ਸੁਰੱਖਿਆ ਦੀ ਲੋੜ** ਹੈ, ਤਾਂ ਇਹ ਤੁਹਾਡੇ ਬੱਚੇ ਨੂੰ ਤੁਹਾਡੇ ਕੋਲੋਂ ਲਿਜਾ ਸਕਦੀ ਹੈ।

## 'ਸੁਰੱਖਿਆ ਦੀ ਲੋੜ ਹੋਣ' ਤੋਂ ਕੀ ਭਾਵ ਹੈ?

ਕੋਈ ਬੱਚਾ ਸੁਰੱਖਿਆ ਦੀ ਲੋੜ ਵਿੱਚ ਹੋ ਸਕਦਾ ਹੈ ਜੇ

- ਉਸ ਨੂੰ ਇਕੱਲਾ ਛੱਡ ਦਿੱਤਾ ਜਾਂਦਾ ਹੈ, ਉਸ ਦੀ ਦੇਖਭਾਲ ਨਹੀਂ ਕੀਤੀ ਜਾਂਦੀ ਹੈ ਜਾਂ ਉਸ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ
- ਉਸ ਨਾਲ ਦੁਰਵਿਹਾਰ ਕੀਤਾ ਜਾਂਦਾ ਹੈ ਜਾਂ ਦੁਰਵਿਹਾਰ ਕੀਤੇ ਜਾਣ ਦੀ ਸੰਭਾਵਨਾ ਹੈ।
- ਘਰ ਵਿੱਚ ਰਹਿਣ ਵਾਲੇ ਬਾਲਗ ਵਿਅਕਤੀਆਂ ਵਿਚਕਾਰ ਦੁਰਵਿਹਾਰ ਦਾ ਪਤਾ ਲੱਗਦਾ ਹੈ।

ਦੁਰਵਿਹਾਰ ਵਿੱਚ ਸਰੀਰਕ, ਯੌਨ (ਜਿਨਸੀ) ਅਤੇ ਭਾਵਨਾਤਮਕ ਦੁਰਵਿਹਾਰ ਸ਼ਾਮਲ ਹੁੰਦਾ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਬੱਚੇ ਨਾਲ ਦੁਰਵਿਹਾਰ ਕੌਣ ਕਰ ਰਿਹਾ ਹੈ। ਕਾਨੂੰਨ ਮੁਤਾਬਕ ਤੁਹਾਨੂੰ ਆਪਣੇ ਬੱਚੇ ਦੀ ਸੁਰੱਖਿਆ ਲਾਜ਼ਮੀ ਕਰਨੀ ਪੈਂਦੀ ਹੈ। ਭਾਵੇਂ ਤੁਸੀਂ ਆਪਣੇ ਬੱਚੇ ਨਾਲ ਦੁਰਵਿਹਾਰ ਨਹੀਂ ਕਰ ਰਹੇ ਹੋ, CAS ਇਸ ਗੱਲ ਦੀ ਤਫਤੀਸ਼ ਕਰ ਸਕਦੀ ਹੈ ਕਿ ਕੀ ਤੁਹਾਨੂੰ ਦੁਰਵਿਹਾਰ ਬਾਰੇ ਪਤਾ ਸੀ, ਜਾਂ ਇਸ ਬਾਰੇ ਪਤਾ ਹੋਣਾ ਚਾਹੀਦਾ ਸੀ ਅਤੇ ਤੁਸੀਂ ਇਸ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ।

ਕਈ ਵਾਰੀ ਉਨ੍ਹਾਂ ਔਰਤਾਂ ਜਿੰਨ੍ਹਾਂ ਨਾਲ ਦੁਰਵਿਹਾਰ ਕੀਤਾ ਜਾ ਰਿਹਾ ਹੁੰਦਾ ਹੈ, ਦੇ ਦੁੱਖਾਂ ਦਾ ਅੰਤ CAS ਦੁਆਰਾ ਤਫਤੀਸ਼ ਕੀਤੇ ਜਾਣ ਨਾਲ ਹੁੰਦਾ ਹੈ। CAS ਅਜਿਹਾ ਇਸ ਲਈ ਕਰਦੀ ਹੈ ਕਿਉਂਕਿ ਇਹ ਚਿੰਤਿਤ ਹੁੰਦੀ ਹੈ ਕਿ ਬਾਲਗਾਂ ਦਾ ਦੁਰਵਿਹਾਰ ਬੱਚੇ ਦੀ ਸੁਰੱਖਿਆ ਅਤੇ ਰਾਜ਼ੀ ਖ਼ੁਸ਼ੀ ਨੂੰ ਪ੍ਰਭਾਵਤ ਕਰਦਾ ਹੈ।

ਜੇ ਤੁਹਾਡੇ ਨਾਲ ਦੁਰਵਿਹਾਰ ਕੀਤਾ ਜਾ ਰਿਹਾ ਹੈ ਅਤੇ ਪੁਲਿਸ ਬੁਲਾਈ ਗਈ ਹੈ ਤਾਂ CAS ਤੁਹਾਡੇ ਘਰ ਆ ਸਕਦੀ ਹੈ। ਉਹ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਪ੍ਰਸ਼ਨ ਪੁੱਛਣਗੇ। ਜੇ CAS ਮਹਿਸੂਸ ਕਰਦੀ ਹੈ ਕਿ ਤੁਸੀਂ ਉਹ ਸਭ ਨਹੀਂ ਕਰ ਰਹੇ ਹੋ ਜੋ ਤੁਹਾਨੂੰ ਆਪਣੇ ਬੱਚੇ ਨੂੰ ਨੁਕਸਾਨ ਤੋਂ ਬਚਾਉਣ ਲਈ ਕਰਨਾ ਚਾਹੀਦਾ ਹੈ ਤਾਂ ਉਹ ਸ਼ਾਇਦ ਤੁਹਾਡੇ ਬੱਚੇ ਨੂੰ ਲਿਜਾ ਸਕਦੀ ਹੈ ਭਾਵੇਂ ਕਿ ਤੁਸੀਂ ਦੁਰਵਿਹਾਰ ਨਹੀਂ ਕੀਤਾ ਹੈ।

## CAS ਵੱਲੋਂ ਪਰਿਵਾਰ ਦੇ ਮਾਮਲਿਆਂ ਵਿੱਚ ਦਖ਼ਲ ਦੇਣ ਦਾ ਸਬੱਬ ਕੀ ਬਣਦਾ ਹੈ?

ਕੋਈ ਵੀ ਵਿਅਕਤੀ ਜੋ ਇਹ ਮੰਨਦਾ ਹੋਵੇ ਕਿ ਕਿਸੇ ਬੱਚੇ ਨੂੰ ਹਿਫਾਜ਼ਤ ਦੀ ਲੋੜ ਹੈ, ਉਸ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਇਸ ਬਾਰੇ CAS ਨੂੰ ਦੱਸੋ। ਇਸ ਨੂੰ **ਇਤਲਾਹ ਦੇਣ ਦਾ ਫਰਜ਼** ਕਿਹਾ ਜਾਂਦਾ ਹੈ। ਬੱਚਿਆਂ ਨਾਲ ਵਾਹ ਰੱਖਣ ਵਾਲੇ ਹਰ ਪੇਸ਼ੇਵਰ ਵਿਅਕਤੀ ਨੂੰ ਦੁਰਵਿਹਾਰ ਜਾਂ ਨਜ਼ਰੰਦਾਜ਼ਗੀ ਦਾ ਸ਼ੱਕ ਹੋਣ 'ਤੇ CAS ਨੂੰ ਲਾਜ਼ਮੀ ਤੌਰ 'ਤੇ ਬੁਲਾਉਣਾ ਪੈਂਦਾ ਹੈ। ਇਸ ਵਿੱਚ ਅਧਿਆਪਕ, ਡਾਕਟਰ, ਸਮਾਜ ਸੇਵਕ, ਧਾਰਮਿਕ ਆਗੂ ਅਤੇ ਡੇ-ਕੇਅਰ ਵਾਲੇ ਕਾਮੇ ਸ਼ਾਮਲ ਹੁੰਦੇ ਹਨ। ਜੇ ਉਹ CAS ਨੂੰ ਸੂਚਨਾ ਨਹੀਂ ਦਿੰਦੇ, ਤਾਂ ਉਹਨਾਂ ਤੇ ਅਪਰਾਧ ਦੇ ਦੋਸ਼ ਲੱਗ ਸਕਦੇ ਹਨ।

ਇਤਲਾਹ ਦੇਣ ਦਾ ਫਰਜ਼ ਚੱਲਦਾ ਰਹਿਣ ਵਾਲਾ ਹੁੰਦਾ ਹੈ। ਇਸ ਤੋਂ ਭਾਵ ਹੈ ਕਿ ਭਾਵੇਂ ਕੋਈ ਵਿਅਕਤੀ ਦੁਰਵਿਹਾਰ ਬਾਰੇ ਪਹਿਲਾਂ ਹੀ ਸੂਚਨਾ ਦੇ ਚੁੱਕਾ ਹੋਵੇ, ਉਸ ਨੂੰ ਅਜਿਹੇ ਕਿਸੇ ਦੂਸਰੇ ਸਮੇਂ 'ਤੇ ਵੀ ਸੂਚਨਾ ਜ਼ਰੂਰ ਦੇਣੀ ਚਾਹੀਦੀ ਹੈ ਜਦੋਂ ਉਹਨਾਂ ਦੇ ਵਿਚਾਰ ਵਿੱਚ ਬੱਚੇ ਨਾਲ ਦੁਰਵਿਹਾਰ ਜਾਂ ਨਜ਼ਰ-ਅੰਦਾਜ਼ਗੀ ਵਾਪਰੀ ਹੋਵੇ।

ਤੁਹਾਡਾ ਪਰਿਵਾਰ ਦੂਸਰੇ ਢੰਗਾਂ ਨਾਲ ਵੀ CAS ਦੇ ਧਿਆਨ ਵਿੱਚ ਆ ਸਕਦਾ ਹੈ, ਉਦਾਹਰਨ ਦੇ ਤੌਰ 'ਤੇ, ਜੇ ਤੁਸੀਂ CAS ਨੂੰ ਸਹਾਇਤਾ ਲਈ ਬੁਲਾਉਂਦੇ ਹੋ। ਪੁਲਿਸ ਵੀ CAS ਨੂੰ ਬੁਲਾ ਸਕਦੀ ਹੈ ਜੇ ਉਹ ਤੁਹਾਡੇ ਅਤੇ ਤੁਹਾਡੇ ਸਾਥੀ ਵਿਚਕਾਰ ਦੁਰਵਿਹਾਰ ਦੀਆਂ ਸੂਚਨਾਵਾਂ ਦੇ ਕਾਰਨ ਤੁਹਾਡੇ ਘਰ ਆ ਚੁੱਕੀ ਹੋਵੇ।

## ਜਦੋਂ ਪਹਿਲੀ ਵਾਰੀ CAS ਦਖ਼ਲ ਦਿੰਦੀ ਹੈ ਤਾਂ ਕੀ ਹੁੰਦਾ ਹੈ?

### ਕਦਮ 1: ਸ਼ੁਰੂਆਤੀ ਛਾਣ-ਬੀਣ

ਜਦੋਂ ਕੋਈ CAS ਨੂੰ ਬੁਲਾਉਂਦਾ ਹੈ ਤਾਂ ਇਹ ਫ਼ੈਸਲਾ ਕਰਨ ਲਈ ਇੱਕ **ਮੁਢਲੀ ਛਾਣ-ਬੀਣ** ਕਰੇਗੀ ਕਿ ਕੀ ਇਸ ਨੂੰ ਕੁੱਝ ਹੋਰ ਕਰਨ ਦੀ ਲੋੜ ਹੈ। ਇਸ ਤੋਂ ਭਾਵ ਹੈ ਕਿ ਉਹ ਇਹ ਫ਼ੈਸਲਾ ਲੈਣ ਲਈ ਇਤਲਾਹ ਤੇ ਝਾਤ ਮਾਰਨ ਲਈ ਕੁੱਝ ਕਦਮ ਚੁੱਕੇਗੀ ਕਿ ਕੀ ਇਸ ਨੂੰ ਤੁਹਾਡੇ ਪਰਿਵਾਰ ਵਿੱਚ ਦਖ਼ਲ ਦੇਣ ਦੀ ਲੋੜ ਹੈ। ਕਈ ਵਾਰੀ CAS ਇਹ ਫ਼ੈਸਲਾ ਦੇਵੇਗੀ ਕਿ ਇਸ ਨੂੰ ਹਾਲ ਦੀ ਘੜੀ ਕੋਈ ਹੋਰ ਕਾਰਵਾਈ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਇਹ ਸੰਤੁਸ਼ਟ ਹੈ ਕਿ ਤੁਹਾਡੇ ਬੱਚੇ ਦੀ ਦੇਖਭਾਲ ਚੰਗੇ ਢੰਗ ਨਾਲ ਹੋ ਰਹੀ ਹੈ।

## ਕਦਮ 2: ਤਫਤੀਸ਼

ਛਾਣ-ਬੀਣ ਦੇ ਉਪਰੋਕਤ ਪੜਾਅ ਤੋਂ ਬਾਅਦ CAS ਤਫਤੀਸ਼ ਕਰਨ ਦਾ ਫ਼ੈਸਲਾ ਕਰ ਸਕਦੀ ਹੈ। ਜੇ ਅਜਿਹਾ ਹੁੰਦਾ ਹੈ ਤਾਂ CAS ਵਾਲੇ ਤੁਹਾਡੇ ਘਰ ਆ ਕੇ ਤੁਹਾਡੇ ਨਾਲ, ਤੁਹਾਡੇ ਸਾਥੀ ਨਾਲ, ਅਤੇ ਤੁਹਾਡੇ ਬੱਚੇ ਨਾਲ ਗੱਲਬਾਤ ਕਰਨਗੇ। CAS ਘਰ ਤੋਂ ਬਾਹਰ ਦੇ ਵਿਅਕਤੀਆਂ ਨਾਲ ਵੀ ਮੁਲਾਕਾਤ ਕਰ ਸਕਦੀ ਹੈ ਜਿਵੇਂ ਕਿ ਪਰਿਵਾਰ ਦੇ ਦੂਸਰੇ ਮੈਂਬਰ, ਅਧਿਆਪਕ ਜਾਂ ਗੁਆਂਢੀ।

ਤਫਤੀਸ਼ ਕਰਨ ਸਮੇਂ CAS ਇਹ ਫ਼ੈਸਲਾ ਲੈਣ ਦੀ ਕੋਸ਼ਿਸ਼ ਕਰ ਰਹੀ ਹੁੰਦੀ ਹੈ ਕਿ ਕੀ ਤੁਹਾਡੇ ਬੱਚੇ ਨੂੰ ਸੁਰੱਖਿਆ ਦੀ ਲੋੜ ਹੈ। CAS ਦੁਆਰਾ ਪੜਤਾਲ ਕੀਤਾ ਜਾਣਾ ਬਹੁਤ ਗੰਭੀਰ ਗੱਲ ਹੁੰਦੀ ਹੈ। ਜੇ ਤੁਸੀਂ ਉਹਨਾਂ ਦੇ ਤੌਖਲਿਆਂ ਨੂੰ ਦੂਰ ਨਹੀਂ ਕਰਦੇ ਤਾਂ CAS ਵਧੇਰੇ ਬਾਰੀਕੀ ਨਾਲ ਦਖ਼ਲ ਦੇ ਸਕਦੀ ਹੈ। ਅਜਿਹੇ ਕਦਮ ਚੁੱਕੋ ਜੋ ਇਹ ਦਿਖਾਉਣ ਕਿ ਤੁਸੀਂ ਸਮੱਸਿਆਵਾਂ ਨਾਲ ਨਜਿੱਠਣ ਦੀ ਕੋਸ਼ਿਸ਼ ਕਰ ਰਹੇ ਹੋ।

ਤਫਤੀਸ਼ ਦੇ ਅੰਤ 'ਤੇ CAS ਇਹ ਫ਼ੈਸਲਾ ਲੈ ਸਕਦੀ ਹੈ ਕਿ ਤੁਹਾਡੇ ਬੱਚੇ ਨੂੰ ਸੁਰੱਖਿਆ ਦੀ ਲੋੜ ਨਹੀਂ ਹੈ। ਜੇ ਅਜਿਹਾ ਹੁੰਦਾ ਹੈ ਤਾਂ ਇਹ ਹੋਰ ਕੋਈ ਕਦਮ ਨਹੀਂ ਚੁਕੇਗੀ।

## ਕਦਮ 3: ਕਾਰਵਾਈ ਦੀ ਯੋਜਨਾ

ਜੇ CAS ਫ਼ੈਸਲਾ ਕਰਦੀ ਹੈ ਕਿ ਤੁਹਾਡੇ ਬੱਚੇ ਨੂੰ ਸੁਰੱਖਿਆ ਦੀ ਲੋੜ ਹੈ ਤਾਂ ਇਸ ਲਈ "ਘੱਟੋ-ਘੱਟ ਖਲ਼ਲ਼ ਪਾਉਣ ਵਾਲੀ ਕਾਰਵਾਈ" ਅਮਲ ਵਿੱਚ ਲਿਆਉਣਾ ਲਾਜ਼ਮੀ ਹੁੰਦਾ ਹੈ। ਇਸ ਤੋਂ ਭਾਵ ਹੈ ਕਿ ਜਿੱਥੇ ਸੰਭਵ ਹੋ ਸਕੇ, ਇਹ ਸਮੱਸਿਆਵਾਂ ਦੇ ਨਿਪਟਾਰੇ ਦੀ ਕੋਸ਼ਿਸ਼ ਵਜੋਂ ਅਤੇ ਬੱਚੇ ਨੂੰ ਤੁਹਾਡੇ ਘਰ ਵਿੱਚ ਹੀ ਰਹਿੰਦੇ ਰਹਿਣ ਲਈ ਤੁਹਾਡੇ ਪਰਿਵਾਰ ਨਾਲ ਮਿਲਕੇ ਕੰਮ ਕਰੇਗੀ।

ਜ਼ਿਆਦਾਤਰ ਮਾਮਲਿਆਂ ਵਿੱਚ ਜਿੱਥੇ CAS ਪਰਿਵਾਰਾਂ ਨਾਲ ਮਿਲਕੇ ਕਾਰਜ ਅੰਜਾਮ ਦੇ ਰਹੀ ਹੋਵੇ, ਇਹ ਤੁਹਾਨੂੰ ਇੱਕ ਸਮਝੌਤੇ 'ਤੇ ਦਸਤਖਤ ਕਰਨ ਲਈ ਕਹੇਗੀ ਜਿਸ ਮੁਤਾਬਕ ਵਿੱਚ ਇਹ ਕਦਮ ਦੱਸੇ ਜਾਣਗੇ ਕਿ ਆਪਣੇ ਬੱਚੇ ਨੂੰ ਮਹਿਫੂਜ਼ ਰੱਖਣ ਲਈ ਤੁਸੀਂ ਕੀ ਕੁੱਝ ਕਰੋਗੇ। ਇਸ ਮਸਝੌਤੇ ਨੂੰ ਆਮ ਤੌਰ 'ਤੇ **ਕਾਰਵਾਈ ਦੀ ਯੋਜਨਾ** ਕਿਹਾ ਜਾਂਦਾ ਹੈ। ਜੇ ਤੁਹਾਨੂੰ ਕਾਰਵਾਈ ਦੀ ਕਿਸੇ ਯੋਜਨਾ 'ਤੇ ਦਸਤਖਤ ਕਰਨ ਲਈ ਕਿਹਾ ਗਿਆ ਹੈ ਤਾਂ ਕਾਨੂੰਨੀ ਸਲਾਹ ਲਵੋ। ਜੇ ਤੁਸੀਂ ਕਾਰਵਾਈ ਦੀ ਯੋਜਨਾ 'ਤੇ ਦਸਤਖਤ ਕਰਨ ਤੋਂ ਇਨਕਾਰ ਕਰਦੇ ਹੋ ਜਾਂ ਜੇ ਤੁਸੀਂ ਦਸਤਖਤ ਕਰ ਦਿੰਦੇ ਹੋ ਪਰ ਸ਼ਰਤਾਂ ਦੀ ਪਾਲਣਾ ਨਹੀਂ ਕਰਦੇ ਤਾਂ CAS ਤੁਹਾਡੇ ਬੱਚੇ ਨੂੰ ਤੁਹਾਡੇ ਘਰੋਂ ਲਿਜਾ ਸਕਦੀ ਹੈ।

ਤੁਹਾਡੇ ਵੱਲੋਂ ਕਿਸੇ ਕਾਰਵਾਈ ਯੋਜਨਾ 'ਤੇ ਦਸਤਖਤ ਕੀਤੇ ਜਾਣ ਤੋਂ ਬਾਅਦ CAS ਆਮ ਤੌਰ 'ਤੇ ਇਹ ਯਕੀਨੀ ਬਣਾਉਣ ਲਈ ਕੁਝ ਸਮੇਂ ਤੱਕ ਤੁਹਾਡੇ ਪਰਿਵਾਰ ਨਾਲ ਸੰਪਰਕ ਰੱਖੇਗੀ ਕਿ ਤੁਹਾਡਾ ਬੱਚਾ ਸੁਰੱਖਿਅਤ ਹੈ ਅਤੇ ਉਸ ਦੀ ਦੇਖ-ਰੇਖ ਸਹੀ ਢੰਗ ਨਾਲ ਹੋ ਰਹੀ ਹੈ ਅਤੇ ਇਹ ਕਿ ਤੁਸੀਂ ਯੋਜਨਾ ਦੀ ਪਾਲਣਾ ਕਰ ਰਹੇ ਹੋ।

## ਕਦਮ 4: ਬੱਚੇ ਨੂੰ ਲੈ ਜਾਣਾ

ਜੇ ਤੁਸੀਂ ਉਹ ਕਦਮ ਚੁੱਕਣ ਤੋਂ ਇਨਕਾਰ ਕਰਦੇ ਹੋ ਜੋ CAS ਨੇ ਕਹੇ ਹੋਣ, ਜਾਂ ਜੇ CAS ਇਹ ਤੈਅ ਕਰਦੀ ਹੈ ਕਿ ਤੁਹਾਡੇ ਬੱਚੇ ਨੂੰ ਨੁਕਸਾਨ ਪਹੁੰਚ ਸਕਦਾ ਹੈ, ਤਾਂ ਇਹ ਤੁਹਾਡੇ ਬੱਚੇ ਨੂੰ **ਹਿਰਾਸਤ ਵਿੱਚ ਲੈ** ਸਕਦੀ ਹੈ ਜਾਂ ਘਰੋਂ ਲਿਜਾ ਸਕਦੀ ਹੈ। ਤੁਹਾਡੇ ਬੱਚੇ ਨੂੰ ਕਿਸੇ ਪਰਿਵਾਰਕ ਮੈਂਬਰ ਕੋਲ, ਕਿਸੇ ਪਾਲਕ (ਫਾਸਟਰ) ਘਰ ਵਿੱਚ ਜਾਂ ਕਿਸੇ ਸਾਂਝੇ ਘਰ (ਗੁਰੱਪ ਹੋਮ) ਵਿੱਚ ਪਾਇਆ ਜਾ ਸਕਦਾ ਹੈ।

ਕੁੱਝ ਕਿਸਮ ਦੇ ਦੁਰਵਿਹਾਰ ਜ਼ੁਰਮਾਂ ਵਿੱਚ ਵੀ ਗਿਣੇ ਜਾਂਦੇ ਹਨ। CAS ਦੇ ਕਈ ਦਫ਼ਤਰਾਂ ਵਿੱਚ ਅਜਿਹੀਆਂ ਨੀਤੀਆਂ ਵੀ ਹਨ ਕਿ ਜਦੋਂ ਵੀ ਕੋਈ ਵਿਅਕਤੀ ਉਹਨਾਂ ਨੂੰ ਜਿਸਮਾਨੀ ਜਾਂ ਜਿਨਸੀ ਬਦਸਲੂਕੀ ਬਾਰੇ ਦੱਸੇ, ਅਜਿਹੀ ਹਰ ਵਾਰੀ ਉਨ੍ਹਾਂ ਲਈ ਪੁਲਿਸ ਨੂੰ ਇਤਲਾਹ ਦੇਣਾ ਲਾਜ਼ਮੀ ਹੈ। ਪੁਲਿਸ ਦੁਰਵਿਹਾਰ ਦੀ ਤਫਤੀਸ਼ ਕਰੇਗੀ ਅਤੇ ਫੌਜਦਾਰੀ ਦੋਸ਼ ਆਇਦ ਕਰ ਸਕਦੀ ਹੈ। ਫੌਜਦਾਰੀ ਕੇਸ ਬੱਚੇ ਦੀ ਸੁਰੱਖਿਆ ਸੰਬੰਧੀ ਕਾਰਵਾਈਆਂ ਤੋਂ ਵੱਖਰਾ ਹੋਵੇਗਾ। ਫੌਜਦਾਰੀ ਧਾਰਾ ਲੱਗਣ ਨਾਲ ਬਾਲ ਸੁਰੱਖਿਆ ਦੀ ਲੋੜ ਦਾ ਕੇਸ ਖਤਮ ਨਹੀਂ ਹੋ ਜਾਂਦਾ।

## ਜਨਮ ਦੇ ਸਮੇਂ ਹਿਰਾਸਤ

ਜੇ ਤੁਹਾਡੇ ਬੱਚੇ ਦੀ ਸੁਰੱਖਿਆ ਬਾਰੇ ਅਹਿਮ ਚਿੰਤਾਵਾਂ ਮੌਜੂਦ ਹੋਣ, ਉਦਾਹਰਣ ਦੇ ਤੌਰ 'ਤੇ ਜੇ ਤੁਹਾਡੇ ਪਹਿਲੇ ਬੱਚੇ CAS ਵੱਲੋਂ ਲਿਜਾਏ ਜਾ ਚੁੱਕੇ ਹੋਣ, ਜੇ ਤੁਹਾਨੂੰ ਨਸ਼ੇ ਕਰਨ ਜਾਂ ਸ਼ਰਾਬ ਪੀਣ ਦੀ ਗੰਭੀਰ ਆਦਤ ਹੋਵੇ, ਜਾਂ ਜੇ ਤੁਸੀਂ ਬੇਘਰ ਹੋਵੋਂ ਜਾਂ ਕਿਸੇ ਅਸੁਰੱਖਿਅਤ ਮਾਹੌਲ ਵਿੱਚ ਰਹਿ ਰਹੇ ਹੋਵੋਂ ਤਾਂ ਜਨਮ ਸਮੇਂ ਹੀ CAS ਕੋਲ ਤੁਹਾਡੇ ਬੱਚੇ ਨੂੰ ਲੈ ਜਾਣ ਦਾ ਅਖ਼ਤਿਆਰ ਹੁੰਦਾ ਹੈ। ਜੇ ਤੁਸੀਂ ਇੱਕ 13 ਤੋਂ 19 ਸਾਲ ਤਕ ਦੀ ਮਾਂ ਹੋਵੋਂ, ਖਾਸ ਕਰ ਜੇ ਤੁਸੀਂ ਕਦੇ CAS ਦੀ ਦੇਖਭਾਲ ਵਿੱਚ ਸੀ ਤਾਂ CAS ਵੱਲੋਂ ਜਨਮ ਵੇਲ਼ੇ ਹੀ ਤੁਹਾਡੇ ਬੱਚੇ ਨੂੰ ਲਿਜਾਏ ਜਾਣ ਦਾ ਖਾਸ ਜ਼ੋਖਮ ਹੁੰਦਾ ਹੈ।

## ਬਾਲ ਸੁਰੱਖਿਆ ਦੇ ਕਿਸੇ ਮਾਮਲੇ 'ਤੇ ਅਦਾਲਤ ਵਿੱਚ ਜਾਣਾ

ਬਾਲ ਸੁਰੱਖਿਆ ਸੰਬੰਧੀ ਕਾਰਵਾਈਆਂ ਪੇਚੀਦਾ ਹੁੰਦੀਆਂ ਹਨ। ਉਹ ਤੇਜ਼–ਰਫ਼ਤਾਰ ਨਾਲ ਚੱਲਦੀਆਂ ਹਨ। ਜੇ ਤੁਹਾਡੇ ਬੱਚੇ ਨੂੰ ਘਰ ਤੋਂ ਦੂਰ ਭੇਜਿਆ ਜਾਂਦਾ ਹੈ ਤਾਂ CAS ਲਈ ਮਾਮਲਾ ਪੰਜ ਦਿਨਾਂ ਦੇ ਅੰਦਰ–ਅੰਦਰ ਕਿਸੇ ਜੱਜ ਸਾਹਮਣੇ ਪੇਸ਼ ਜ਼ਰੂਰ ਕਰਨਾ ਲਾਜ਼ਮੀ ਹੁੰਦਾ ਹੈ। ਜੇ ਤੁਹਾਡੇ ਨਾਲ ਅਜਿਹਾ ਹੋਇਆ ਹੋਵੇ ਤਾਂ ਤੁਰੰਤ ਕਾਨੂੰਨੀ ਮਦਦ ਲਓ।

*ਜੇ ਤੁਸੀਂ ਓਨਟੇਰੀਓ ਵਿੱਚ ਰਹਿੰਦੀ ਫਰਾਂਸੀਸੀ ਬੋਲੀ ਬੋਲਣ ਵਾਲੀ ਕੋਈ ਔਰਤ ਹੋ ਤਾਂ ਤੁਹਾਨੂੰ ਪਹਿਲਾਂ ਪਰਿਵਾਰਕ ਕਾਨੂੰਨ ਦੀ ਅਦਾਲਤ ਦੀਆਂ ਕਾਰਵਾਈਆਂ ਵਿੱਚ ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਦਾ ਹੱਕ ਹੈ।ਆਪਣੇ ਹੱਕਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਸੇ ਵਕੀਲ, ਕਮਿਊਨਿਟੀ ਕਾਨੂੰਨ ਕਲੀਨਿਕ, ਜਾਂ ਹਿਮਾਇਤ ਦੇਣ ਵਾਲੀ ਲਾਈਨ ਫੈਮਏਡ (Femaide) ਨਾਲ਼ 1-877-336-2433, ਟੀ.ਟੀ.ਵਾਈ. 1-866-860-7082 'ਤੇ ਸੰਪਰਕ ਕਰੋ। ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਸਬੰਧੀ ਵਧੇਰੇ ਜਾਣਕਾਰੀ ਤੁਹਾਨੂੰ ਸਾਡੀ ਵੈੱਬਸਾਈਟ www.onefamilylaw.ca ਜਾਂ www.undroitdefamille.ca 'ਤੇ ਮਿਲ ਸਕਦੀ ਹੈ।*

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:*

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. **ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)**
3. ਬਾਲ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)
8. ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)
10. ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)
11. ਵਿਆਹ ਅਤੇ ਤਲਾਕ (PJB 011)
12. ਪਤੀ/ਪਤਨੀ ਲਈ ਸਹਾਇਤਾ (PJB 012)

** ਇਹ ਪਰਚਾ ਅਨੇਕਾਂ ਅਲੱਗ-ਅਲੱਗ ਫਰਮਿਆਂ ਅਤੇ ਬੋਲੀਆਂ ਵਿੱਚ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ www.onefamilylaw.ca ਵੇਖੋ ਜੀ। ਪਰਿਵਾਰਕ ਕਾਨੂੰਨ ਦੇ ਆਪਣੇ ਹੱਕਾਂ ਨੂੰ ਸਮਝਣ ਵਿੱਚ ਮਦਦ ਲਈ ਤੁਹਾਨੂੰ ਵਧੀਕ ਜਾਣਕਾਰੀ ਸਾਡੀ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ।*

flew Family Law Education for Women
Women's Right to Know

fodf Femmes ontariennes et droit de la famille
Le droit de savoir

Funded by: / Financé par :
Ontario

ਇਨ੍ਹਾਂ ਸਮੱਗਰੀਆਂ ਵਿੱਚ ਜ਼ਾਹਰ ਕੀਤੇ ਵਿਚਾਰ ਐੱਫ.ਐੱਲ.ਈ.ਡਬਲਿਊ.
ਦੇ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਸੂਬਾਈ ਸਰਕਾਰ ਦੇ ਵਿਚਾਰਾਂ ਦੀ ਤਰਜਮਾਨੀ ਕਰਨ।